ਕੇਸ ਦਾ ਨਾਂ:
ਕੇਸ ਦੀ ਸੰਖਿਆ:
ਕਾਰਜਕਰਤਾ:
ਕਾਰਜਕਰਤਾ ਦੀ ਸੰਖਿਆ:

ਨਕਦ ਸਹਾਇਤਾ ਅਤੇ ਫੂਡ ਸਟੈਂਪਸ ਲਈ ਬਦਲਾਵਾਂ ਦੀ ਜਾਣਕਾਰੀ ਦੇਣਾ

ਜੇਕਰ ਤੁਸੀਂ ਨਕਦ ਸਹਾਇਤਾ ਪ੍ਰਾਪਤ ਕਰਦੇ ਹੋ, ਤਾਂ ਆਪਣਾ ਰਿਪੋਰਟ ਦਾ ਮਹੀਨਾ ਨਾ ਹੋਣ 'ਤੇ ਵੀ ਤੁਹਾਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

ਜਦੋਂ ਕਦੇ ਵੀ ਤੁਹਾਡੇ ਪਰਿਵਾਰ ਦੀ ਸੰਯੁਕਤ ਸੰਪੂਰਨ ਮਹੀਨੇਵਾਰ ਆਮਦਨੀ, ਅਰਜਤ ਅਤੇ ਗੈਰ-ਅਰਜਤ ਦੋਵੇਂ, ਤੁਹਾਡੇ ਪਰਿਵਾਰ ਦੀ ਸੰਖਿਆ ਲਈ ਆਮਦਨੀ ਜਾਣਕਾਰੀ ਸੀਮਾ (ਆਈ.ਆਰ.ਟੀ.) ਤੋਂ ਵੱਧ ਹੋਵੇ, ਤਾਂ ਤੁਹਾਨੂੰ ਦਸ (10) ਦਿਨਾਂ ਦੇ ਅੰਦਰ ਕਾਉਂਟੀ ਨੂੰ ਇਹ ਜਾਣਕਾਰੀ ਦੇਣੀ ਪਵੇਗੀ। ਆਪਣੇ ਕਾਰਜਕਰਤਾ ਨੂੰ ਕਾੱਲ ਕਰ ਕੇ ਜਾਂ ਲਿੱਖਤ 'ਚ ਜਾਣਕਾਰੀ ਦਿੰਦੇ ਹੋਏ ਤੁਸੀਂ ਕਾਉਂਟੀ ਨੂੰ ਇਹ ਜਾਣਕਾਰੀ ਦੇ ਸਕਦੇ ਹੋ।

ਤੁਹਾਡੇ ਪਰਿਵਾਰ ਦੀ ਸੰਖਿਆ _____ ਹੈ ਤੁਹਾਡਾ ਆਈ.ਆਰ.ਟੀ. $ _____ ਹੈ।

ਹਰ ਵਾਰ ਤੁਹਾਡੇ ਆਈ.ਆਰ.ਟੀ. 'ਚ ਬਦਲਾਵ ਹੋਣ 'ਤੇ ਕਾਉਂਟੀ ਤੁਹਾਨੂੰ ਸੂਚਤ ਕਰੇਗੀ।
ਸੰਪੂਰਨ ਆਮਦਨੀ ਦਾ ਮਤਲਬ ਹੈ ਕਿਸੇ ਕਟੌਤੀ, ਜਿਵੇਂ ਕਰ, ਸਮਾਜਕ ਸੁਰੱਖਿਆ ਅਤੇ ਸੇਵਾ-ਨਿਵਿਰਤੀ ਲਈ ਯੋਗਦਾਨ, ਵਾਧੂ ਭੁਗਤਾਨ ਦੀ ਵਸੂਲੀ, ਮਿਹਨਤਾਨੇ 'ਚ ਵਾਧਾ ਜਾਂ ਸੰਮਿਲਤ ਹਿੱਸੇ, ਆਦਿ, ਤੋਂ ਪਹਿਲਾਂ ਤੁਹਾਡੀ ਆਮਦਨੀ।
ਆਪਣੇ ਪਰਿਵਾਰ ਦੀ ਸੰਖਿਆ ਦੇ ਮੁਤਾਬਕ ਆਈ.ਆਰ.ਟੀ. ਦੀ ਸੀਮਾ ਤੋਂ ਵੱਧ ਆਪਣੀ ਆਮਦਨੀ ਦੀ ਜਾਣਕਾਰੀ ਦੇਣ 'ਚ ਨਾਕਾਮਯਾਬੀ ਦੇ ਨਤੀਜੇ ਵਜੋਂ ਤੁਹਾਡੇ ਫ਼ਾਇਦਿਆਂ ਦਾ ਵਾਧੂ ਭੁਗਤਾਨ **ਹੋਣਾ ਚਾਹੀਦਾ** ਹੈ। ਜਾਣਕਾਰੀ ਦੇਣ 'ਚ ਤੁਹਾਡੀ ਨਾਕਾਮਯਾਬੀ ਦੇ ਨਤੀਜੇ ਵਜੋਂ ਵਾਧੂ ਭੁਗਤਾਨ ਕੀਤੇ ਗਏ ਕਿਸੇ ਫ਼ਾਇਦੇ ਲਈ ਦੁਬਾਰਾ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਜੇਕਰ ਤੁਸੀਂ ਕਾਉਂਟੀ ਨੂੰ ਲੋੜੀਂਦੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ ਤਾਂ ਤੁਹਾਡੇ 'ਤੇ ਧੋਖੇਬਾਜ਼ੀ ਦਾ ਇਲਜ਼ਾਮ/ਜੁਰਮਾਨਾ ਲਗਾਇਆ ਜਾ ਸਕਦਾ ਹੈ।

ਆਪਣੇ ਪਰਿਵਾਰ ਦੀ ਸੰਪੂਰਨ ਆਮਦਨੀ ਦਾ ਹਿਸਾਬ ਲਗਾਉਣ ਦਾ ਤਰੀਕਾ।

ਹਰ ਮਹੀਨੇ, ਆਪਣੇ ਪਰਿਵਾਰ ਦੀ ਅਰਜਤ ਅਤੇ ਗੈਰ-ਅਰਜਤ ਦੋਵੇਂ ਆਮਦਨੀਆਂ (ਮਿਹਨਤਾਨੇ ਜਾਂ ਕਮਾਈ, ਤਨਖਾਹ, ਅਪਾਰਜਤਾ ਆਮਦਨੀ, ਬੇਰੁਜ਼ਗਾਰੀ, ਜਨਤੱਕ ਫ਼ਾਇਦੇ, ਆਦਿ) ਜੋੜੋ। ਜੇਕਰ ਕੁੱਲ ਰਕਮ ਇਸ ਪੱਤਰ 'ਤੇ ਦਰਸ਼ਾਈ ਗਈ ਰਕਮ ਤੋਂ ਜ਼ਿਆਦਾ ਹੈ, ਤਾਂ ਤੁਹਾਨੂੰ ਇਸ ਆਮਦਨੀ ਬਾਰੇ ਕਾਉਂਟੀ ਨੂੰ ਜਾਣਕਾਰੀ ਦੇਣੀ ਪਵੇਗੀ। ਜਿਨ੍ਹਾਂ ਪਰਵਾਰਾਂ ਦੀ ਸਿਰਫ਼ ਗੈਰ-ਅਰਜਤ ਆਮਦਨੀ ਹੈ ਜਾਂ ਜੋ ਸਿਰਫ਼ ਫੂਡ ਸਟੈਂਪਸ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਤਿਮਾਹੀ ਰਿਪੋਰਟ ਫ਼ਾਰਮ 'ਤੇ ਜਾਣਕਾਰੀ ਦੇਣ ਤੋਂ ਇਲਾਵਾ ਕਿਸੇ ਆਮਦਨੀ ਦੀ ਜਾਣਕਾਰੀ ਦੇਣ ਦੀ ਕੋਈ ਲੋੜ ਨਹੀਂ ਹੈ।

ਜੇਕਰ ਤੁਸੀਂ ਨਕਦ ਸਹਾਇਤਾ ਪ੍ਰਾਪਤ ਕਰਦੇ ਹੋ, ਤਾਂ ਆਪਣਾ ਰਿਪੋਰਟ ਦਾ ਮਹੀਨਾ ਨਾ ਹੋਣ 'ਤੇ ਵੀ ਤੁਹਾਨੂੰ ਇਹ ਜਾਣਕਾਰੀ ਵੀ ਪ੍ਰਦਾਨ ਕਰਨੀ ਚਾਹੀਦੀ ਹੈ।

- ਤੁਹਾਡੇ ਪਰਿਵਾਰ ਦਾ ਕੋਈ ਸਦੱਸ ਜਿਸਨੂੰ ਕੋਈ ਨਸ਼ੀਲੀ ਦਵਾਈ ਕਬਜ਼ੇ ਹੇਠ ਰੱਖਣ, ਵਰਤਣ ਜਾਂ ਵਿਤਰਤ ਕਰਨ ਦੇ ਸਬੰਧ 'ਚ ਸੰਗੀਨ ਜੁਰਮ ਲਈ ਸਜ਼ਾ ਸੁਣਾਈ ਗਈ ਹੈ, ਇੱਕ ਫ਼ਰਾਰ ਮੁਜਰਮ ਹੈ ਜਾਂ ਜਾਂਚ ਜਾਂ ਪੈਰੋਲ ਦੀ ਕਿਸੇ ਸਥਿਤੀ ਦੀ ਉਲੰਘਣਾ ਕਰ ਰਿਹਾ ਹੈ ਅਤੇ ਤੁਸੀਂ ਪਹਿਲਾਂ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ ਹੈ।
- ਤੁਹਾਡੇ ਪਤੇ 'ਚ ਕਦੇ ਵੀ ਕੋਈ ਬਦਲਾਵ ਹੋਣ 'ਤੇ, ਤੁਹਾਨੂੰ ਕਾਉਂਟੀ ਨੂੰ ਉਸ ਬਾਰੇ ਜਾਣਕਾਰੀ ਦੇਣੀ ਪਵੇਗੀ।

ਜੇਕਰ ਤੁਸੀਂ ਫੂਡ ਸਟੈਂਪਸ ਪ੍ਰਾਪਤ ਕਰਦੇ ਹੋ, ਤਾਂ ਆਪਣਾ ਰਿਪੋਰਟ ਦਾ ਮਹੀਨਾ ਨਾ ਹੋਣ 'ਤੇ ਵੀ ਤੁਹਾਨੂੰ ਇਹ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।

- ਜੇਕਰ ਤੁਸੀਂ ਇੱਕ ਏਬਲ ਬਾੱਡੀਡ ਐਡਲਟ ਵਿਦਾਉਟ ਡਿਪੈਂਡੈਂਟਸ (ਏ.ਬੀ.ਏ.ਡਬਲਯੂ.ਡੀ.) ਫੂਡ ਸਟੈਂਪ ਪ੍ਰਾਪਤਕਰਤਾ ਹੋ, ਤਾਂ ਕਦੇ ਵੀ ਆਪਣੇ ਕੰਮ ਜਾਂ ਪਰਸ਼ਿੱਕਸ਼ਣ 'ਚ ਬਿਤਾਏ ਘੰਟਿਆਂ ਦੀ ਸੰਖਿਆ ਹਫ਼ਤੇ 'ਚ 20 ਘੰਟੇ ਜਾਂ ਮਹੀਨੇ 'ਚ 80 ਘੰਟੇ ਤੋਂ ਘੱਟ ਹੋਣ 'ਤੇ ਤੁਹਾਨੂੰ ਉਸਦੀ ਜਾਣਕਾਰੀ ਦੇਣੀ ਪਵੇਗੀ।
- ਤੁਹਾਡੇ ਪਤੇ 'ਚ ਕਦੇ ਵੀ ਕੋਈ ਬਦਲਾਵ ਹੋਣ 'ਤੇ, ਤੁਹਾਨੂੰ ਕਾਉਂਟੀ ਨੂੰ ਉਸ ਬਾਰੇ ਜਾਣਕਾਰੀ ਦੇਣੀ ਪਵੇਗੀ।

ਸਵੈ-ਇੱਛਾ ਨਾਲ ਜਾਣਕਾਰੀ ਦੇਣਾ

ਤੁਸੀਂ ਕਾਉਂਟ. ਨੂੰ ਕਦੇ ਵੀ ਕਿਸੇ ਬਦਲਾਵ ਬਾਰੇ ਜਾਣਕਾਰੀ ਦੇ ਸਕਦੇ ਹੋ ਜਦੋਂ ਤੁਹਾਨੂੰ ਮਹਿਸੂਸ ਹੋਵੇ ਕਿ ਉਸ ਬਦਲਾਵ ਦੇ ਨਤੀਜੇ ਵਜੋਂ ਤੁਹਾਡੀ ਨਕਦ ਸਹਾਇਤਾ ਜਾਂ ਫੂਡ ਸਟੈਂਪ ਫ਼ਾਇਦਿਆਂ 'ਚ ਵਾਧਾ ਹੋਵੇਗਾ। ਉਦਾਹਰਨ ਲਈ।

- ਤੁਹਾਡੀ ਆਮਦਨੀ ਬੰਦ ਹੋ ਗਈ ਹੈ ਜਾਂ ਘੱਟ ਗਈ ਹੈ;
- ਕੋਈ ਕਮਾਊ ਵਿਅਕਤੀ ਤੁਹਾਡੇ ਪਰਿਵਾਰ ਤੋਂ ਬਾਹਰ ਗਿਆ ਹੈ;
- ਤੁਹਾਡੇ ਪਰਿਵਾਰ 'ਚ ਇਹੋ ਜਿਹਾ ਕੋਈ ਵਿਅਕਤੀ ਸ਼ਾਮਲ ਹੋਇਆ ਹੈ ਜਿਸਦੀ ਕੋਈ ਆਮਦਨੀ ਨਹੀਂ ਹੈ;
- ਤੁਹਾਡੀ ਨਾਬਾਲਗ ਬੱਚੀ ਗਰਭਵਤੀ ਹੋ ਗਈ ਹੈ ਅਤੇ ਕੈਲ-ਲਰਨ ਸੇਵਾਵਾਂ ਲਈ ਯੋਗ ਹੈ;
- ਤੁਹਾਡੀਆਂ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਸਦੱਸ ਦੀਆਂ ਕੈਲਵਰਕਸ ਸਬੰਧੀ ਖਾਸ ਜ਼ਰੂਰਤਾਂ ਜਿਵੇਂ, ਗਰਭਧਾਰਨ ਸਬੰਧੀ ਖਾਸ ਜ਼ਰੂਰਤਾਂ, ਡਾਕਟਰ ਦੁਆਰਾ ਨਿਰਧਾਰਤ ਇੱਕ ਖਾਸ ਖੁਰਾਕ, ਆਦਿ।
- ਬੱਚੇ ਦਾ ਜਨਮ;
- ਫੂਡ ਸਟੈਂਪਸ ਲਈ: ਤੁਹਾਡੇ ਪਰਿਵਾਰ ਦਾ ਕੋਈ ਸਦੱਸ, ਜੋ ਅਪਾਹਜ ਹੈ ਜਾਂ ਉਸਦੀ ਉਮਰ 60 ਸਾਲ ਜਾਂ ਵੱਧ ਹੈ, ਨਵੇਂ ਚਿਕਿਤਸੀ ਖਰਚਿਆਂ ਦੀ ਜਾਣਕਾਰੀ ਦੇ ਸਕਦਾ ਹੈ ਜੋ ਮੰਜੂਦਾ ਤੌਰ 'ਤੇ ਤੁਹਾਡੇ ਫੂਡ ਸਟੈਂਪ ਫ਼ਾਇਦਿਆਂ ਦਾ ਹਿਸਾਬ ਲਗਾਉਣ ਲਈ ਵਰਤੇ ਨਹੀਂ ਜਾ ਰਹੇ ਹਨ।

ਕਿਸੇ ਵੀ ਸਮੇਂ, ਤੁਸੀਂ ਕਾਉਂਟੀ ਨੂੰ ਆਪਣੇ ਪੂਰੇ ਮਾਮਲੇ ਜਾਂ ਕਿਸੇ ਵਿਅਕਤੀ, ਜੋ ਘਰ ਛੱਡ ਕੇ ਚਲਾ ਗਿਆ ਹੈ ਜਾਂ ਸਹਾਇਤਾ ਯੂਨਿਟ 'ਚ ਜਿਸਦੀ ਜ਼ਰੂਰਤ ਨਹੀਂ ਹੈ, ਨੂੰ ਛੱਡਣ ਲਈ ਕਹਿ ਸਕਦੇ ਹੋ। ਤੁਸੀਂ ਕਾਉਂਟੀ ਨੂੰ ਦੂਜੇ ਫ਼ਾਇਦੇ ਬੰਦ ਕਰਨ ਲਈ ਵੀ ਕਹਿ ਸਕਦੇ ਹੋ, ਜਿਵੇਂ: **Medi-Cal** ਜਾਂ ਫੂਡ ਸਟੈਂਪਸ। ਨਕਦ ਸਹਾਇਤਾ ਲਈ ਤੁਹਾਡੀ ਸਮੇਂ ਸੀਮਾ ਦੇ ਮੁਕਾਬਲੇ ਸਿਰਫ਼ **Medi-Cal** ਅਤੇ/ਜਾਂ ਫੂਡ ਸਟੈਂਪਸ ਦੀ ਪ੍ਰਾਪਤੀ ਕਾਫ਼ੀ ਨਹੀਂ sਹੋਵੇਗੀ।